ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ;ਸਿ)ਪੰਜਾਬ,ਐਸ.ਏ.ਐਸ.ਨਗਰ

(ਵਜੀਫਾ ਸਾਖਾ)

ਸੇਵਾ ਵਿਖੇ,

ਸਮੂਹ ਮੰਡਲ ਸਿੱਖਿਆ ਅਫਸਰ(ਸੈਸਿ)ਪੰਜਾਬ।

ਜਿਲ੍ਹਾ ਸਿੱਖਿਆ ਅਫਸਰ(ਸੈਸਿ)ਪੰਜਾਬ।

ਮੀਮੋ ਨੰਬਰ:-26/1-2014-ਵ(3)

ਮਿਤੀ, 4-7-2014 ਅਜੀਤਗੜ੍ਹ:-

ਵਿਸਾ:- ਪੋਸਟ ਮੈਟ੍ਰਿਕ ਸਕਾਲਰਸਿਪ ਸਕੀਮ ਵੈਬ ਸਾਇਟ ਪੋਰਟਲ ਤੇ ਐਸ.ਸੀ./ਬੀ.ਸੀ. ਸਕੀਮਾਂ ਸਾਲ 2014-15 ਸਬੰਧੀ।

ਹਵਾਲਾ:- ਇਸ ਦਫਤਰ ਦੇ ਪੱ.ਨੰ:ਨੰਬਰ:-26/1-2014-ਵ(3)ਮਿਤੀ 12-5-14 ਦੇ ਸਬੰਧ ਵਿੱਚ ਅਤੇ ਡਾਇਰੈਕਟਰ ਭਲਾਈ ਵਿਭਾਗ ਜੀ ਨਾਲ ਹੋਈ ਮੀਟਿੰਗ ਮਿਤੀ 1-7-2014 ਦੇ ਸਬੰਧ ਵਿੱਚ।

ਉਪਰੋਕਤ ਵਿਸੇ ਅਤੇ ਹਵਾਲਾ ਅਧੀਨ ਪੱਤਰ ਸਬੰਧੀ ਆਪ ਨੂੰ ਪਹਿਲਾ ਵੀ ਦੱਸਿਆ ਗਿਆ ਸੀ ਕਿ ਪੋਸਟ ਮੈਟ੍ਰਿਕ ਐਸ.ਸੀ/ਪੋਸਟ ਮੈਟ੍ਰਿਕ ਓ.ਬੀ.ਸੀ ਸਕੀਮ ਅਧੀਨ ਵੈਬ ਸਾਇਟ ਪੋਰਟਲ ਆਸੀਰਵਾਦ ਸਕੀਮ ਵਿੱਚ ਆ ਰਹੀਆ ਕਮੀਆਂ/ਦਿੱਕਤਾ ਸਬੰਧੀ ਸਾਲ 2014-15 ਦੌਰਾਨ ਹੇਠ ਲਿਖੇ ਨੁਕਤਿਆਂ ਅਨੁਸਾਰ ਕਾਰਵਾਈ ਕੀਤੀ ਜਾਵੇ।

ੳ: ਸਕੂਲ ਪੱਧਰ ਤੇ ਵਿਦਿਆਰਥੀਆਂ ਲਈ ਜਰੂਰੀ ਹਦਾਇਤਾਂ ਹੇਠ ਲਿਖੇ ਅਨੁਸਾਰ ਹਨ:-

1. ਜਿਨ੍ਹਾਂ ਵਿਦਿਆਰਥੀਆਂ ਨੇ ਪਿਛਲੇ ਵਿੱਤੀ ਸਾਲ ਵਿੱਚ ਵੈਬ ਸਾਇਟ ਪੋਰਟਲ ਵਿੱਚ ਵਜੀਫੇ ਲਈ ਅਪਲਾਈ ਕੀਤਾ ਹੈ ਉਹਨਾਂ ਦੇ ਬੈਕ ਅਕਾਊਂਟ ਨੰਬਰ ਯੂਨੀਕ ਹੋਣਗੇ(ਬੈਕ ਖਾਤਾ ਨੰਬਰ ਇਕੋ ਵਾਰੀ ਭਰਿਆ ਜਾ ਸਕਦਾ ਹੈ ਦੂਜੀ ਵਾਰ ਗਲਤੀ ਨਾਲ ਭਰੇ ਗਲਤ ਨੰਬਰ ਨੂੰ ਵੀ ਚੇਜ ਨਹੀ ਕਰ ਸਕਦੇ)।

2. ਵਿਦਿਆਰਥੀਆਂ/ਮਾਪੇ ਦਾ ਮੋਬਾਇਲ ਨੰਬਰ ਸਹੀ ਹੋਣਾ ਜਰੂਰੀ ਹੈ।

3. ਵਿਦਿਆਰਥੀਆਂ ਦੇ ਪੱਧਰ ਤੇ ਈਮੇਲ ਸਹੀ ਹੋਣਾ ਜਰੂਰੀ ਹੈ ਤਾਂ ਜੋ ਐਸ.ਐਮ.ਐਸ ਤੇ ਈਮੇਲ ਰਾਹੀ ਮੋਬਾਇਲ ਨੰਬਰ ਤੇ ਈਮੇਲ ਆਈ ਡੀ ਆ ਸਕੇ।

ਅ: ਜਿਲ੍ਹਾ ਸਿੱਖਿਆ ਅਫਸਰ(ਸੈਸਿ) ਲਈ ਜਰੂਰੀ ਹਦਾਇਤਾਂ ਹੇਠ ਲਿਖੇ ਅਨੁਸਾਰ ਹਨ:-

1. ਸਟੇਟ ਜਿਲ੍ਹਾ ਨੋਡਲ ਅਫਸਰ ਵਲੋ ਇੰਸਟੀਚਿਊਟ ਦੀ ਲਿਸਟ ਸਹੀ ਕਰਨ ਉਪਰੰਤ ਜੇਕਰ ਕੋਈ ਨਵਾਂ ਇੰਸਟੀਚਿਊਟ ਵਧਾਉਣਾ ਹੈ ਜਾਂ ਕੱਟਣਾ ਹੈ ਤਾਂ ਇਸ ਸਬੰਧੀ ਜਿਲ੍ਹਾਂ ਸਿੱਖਿਆ ਅਫਸਰ(ਸੈਸਿ)ਨੂੰ ਦੱਸਿਆ ਜਾਵੇ ਅਤੇ ਜਿ.ਸਿ. ਅ(ਸੈਸਿ) ਅੱਗੇ ਮੁੱਖ ਦਫਤਰ ਨੂੰ ਮਿਤੀ 9-7-14 ਤੱਕ ਸੂਚਨਾ ਭੇਜੇ ਜੇਕਰ ਮਿੱਥੀ ਮਿਤੀ ਤੋਂ ਬਾਅਦ ਸੂਚਨਾ ਭੇਜੇਗਾ ਤਾਂ ਉਸ ਨੂੰ ਅਪਡੇਟ ਨਹੀ ਕੀਤਾ ਜਾਵੇਗਾ।

2. ਇੰਸਟੀਚਿਊਟ ਦੇ ਨਾਂ ਤੇ ਉਹਨਾਂ ਨਾਲ ਸਬੰਧਤ ਸਾਰੇ ਵੇਰਵੇ ਅੱਪਡੇਟ ਕੀਤੇ ਜਾਣ।

3. ਸੈਕਸਨਿੰਗ ਅਥਾਰਟੀ ਦੀ ਮੈਪਿੰਗ ਨੂੰ ਸਹੀ ਕੀਤਾ ਜਾਵੇ ਕਿਉਕਿ ਸਾਲ 2013-14 ਵਿੱਚ ਬਹੁਤ ਸਕੂਲ ਗਲਤ ਸੈਕਸਨਿੰਗ ਅਥਾਰਟੀ ਨਾਲ ਮੈਪ ਕਰ ਦਿੱਤੇ ਗਏ ਸਨ ਜਿਸ ਕਾਰਨ ਵਿਦਿਆਰਥੀ ਪੋਰਟਲ ਵਿੱਚ ਲੱਭਣੇ ਔਖੇ ਹੋ ਗਏ ਸੀ।

4. ਹਰ ਸਕੂਲ ਆਪਣੇ ਅਧੀਨ ਚਲਦੇ ਕੋਰਸ ਅੱਪਡੇਟ ਕਰੇ ਜੇਕਰ ਕੋਈ ਨਵਾਂ ਕੋਰਸ ਸਕੂਲ ਵਿੱਚ ਸੁਰੂ ਹੋਇਆ ਤਾਂ ਦੱਸਿਆ ਜਾਵੇ ਉਹ ਐਨ.ਆਈ.ਸੀ ਵਿਭਾਗ ਦੇ ਪੱਧਰ ਤੋ ਐਡ ਕੀਤੇ ਜਾਣੇ ਹਨ ਤਾਂ ਇਸ ਸਬੰਧੀ ਜਿਲ੍ਹਾਂ ਸਿੱਖਿਆ ਅਫਸਰ(ਸੈਸਿ)ਨੂੰ ਦੱਸਿਆ ਜਾਵੇ ਅਤੇ ਜਿ.ਸਿ. ਅ(ਸੈਸਿ) ਅੱਗੇ ਮੁੱਖ ਦਫਤਰ ਨੂੰ ਮਿਤੀ 9-7-14 ਤੱਕ ਸੂਚਨਾ ਭੇਜੇ ਜੇਕਰ ਮਿੱਥੀ ਮਿਤੀ ਤੋਂ ਬਾਅਦ ਸੂਚਨਾ ਭੇਜੇਗਾ ਤਾਂ ਉਸ ਨੂੰ ਅਪਡੇਟ ਨਹੀ ਕੀਤਾ ਜਾਵੇ।

5. ਸੈਸਨ ਦੇ ਦੌਰਾਨ ਕੋਈ ਵੀ ਸਕੂਲ ਆਪਣੀ ਸੈਕਸਨਿੰਗ ਅਥਾਰਟੀ ਬਦਲਣ ਦੀ ਆਪਸਨ ਨਹੀ ਹੈ।

6. ਮੁੱਖ ਦਫਤਰ ਵਲੋ ਜੋ ਮਾਸਟਰ ਟ੍ਰੇਨਰ ਟ੍ਰੇਂਡ ਕੀਤੇ ਜਾਣਗੇ ਉਹ ਜਿਲ੍ਹਾ ਪੱਧਰ ਤੇ ਆਪ ਵਲੋਂ ਲਗਾਏ ਗਏ ਮਾਸਟਰ ਟ੍ਰੇਨਰ ਆਪਣੇ ਆਪਣੇ ਜਿਲ੍ਹੇ ਦੇ ਸਕੂਲਾ ਵਿੱਚ ਟ੍ਰੇਨਿੰਗ ਦੇਣਗੇ।

7. ਮਾਸਟਰ ਟ੍ਰੇਨਰ ਜੋ ਲਗਾਏ ਜਾਣਗੇ ਉਹ ਬਦਲੇ ਨਹੀ ਜਾਣਗੇ ਕਿਉਕਿ ਸੈਸ਼ਨ ਦੋਰਾਨ ਬਾਰ ਬਾਰ ਟ੍ਰੇਨਿੰਗ ਦੇਣ ਵਿੱਚ ਮੁਸਕਲ ਪੇਸ ਆਉਦੀ ਹੈ ਜਿਲ੍ਹਾ ਪੱਧਰ ਤੇ ਲਗਾਏ ਗਏ ਮਾਸਟਰ ਟ੍ਰੇਨਰ ਦੇ ਨਾਂ ਤੇ ਫੋਨ ਨੰਬਰ ਆਪਣੇ ਜਿਲ੍ਹੇ ਦੇ ਸਬੰਧਤ ਸਕੂਲਾ ਦੀ ਈਮੇਲ ਤੇ ਆਪ ਵਲੋ ਪਾਏ ਜਾਣੇ ਯਕੀਨੀ ਬਣਾਏ ਜਾਣ।

ੲ: ਸਕੂਲ ਪੱਧਰ ਤੇ ਜਰੂਰੀ ਹਦਾਇਤਾਂ ਹੇਠ ਲਿਖੇ ਅਨੁਸਾਰ ਹਨ:-

1. ਇੰਸਟੀਚਿਊਟ ਦਾ ਮੋਬਾਇਲ ਤੇ ਈਮੇਲ ਆਈ.ਡੀ ਸਹੀ ਹੋਣਾ ਚਾਹੀਦਾ ਹੈ ਅਤੇ ਇਸ ਨੂੰ ਚੈਕ ਕੀਤਾ ਜਾਵੇ।

2. ਇੰਸਟੀਚਿਊਟ ਵਲੋ ਸਕੂਲ ਵਿੱਚ ਚੱਲ ਰਹੇ ਕੋਰਸ ਤੇ ਫੀਸਾ ਪੋਰਟਲ ਵਿੱਚ ਭਰਨੀਆ ਜਰੂਰੀ ਹਨ ਜੋ ਕਿ ਮੁੱਖ ਦਫਤਰ ਵਲੋਂ ਅਪਰੂਵ ਕੀਤੇ ਜਾਣੇ ਹਨ।

3. ਇੰਸਟੀਚਿਊਟ ਤੇ ਬੈਕ ਅਕਾਊਟ ਨੰਬਰ ਸਹੀ ਭਰਨਾ ਜਰੂਰੀ ਹੈ।

4. ਜੇਕਰ ਇਸ ਤੋ ਇਲਾਵਾ ਕੋਈ ਵਾਧੂ ਕੋਰਸ ਜੋ ਪਹਿਲਾ ਤੋ ਪੋਰਟਲ ਵਿੱਚ ਨਹੀ ਪਾਏਗਾ ਜਾਂ ਫੀਸ ਹੈਡਜ ਪੋਰਟਲ ਵਿੱਚ ਮੋਜੂਦ ਨਹੀ ਹਨ ਉਨ੍ਹਾਂ ਨੂੰ ਐਨ.ਆਈ.ਸੀ ਵਿਭਾਗ ਵਲੋ ਐਡ (ਦਰਜ)ਕਰਨ ਲਈ ਮੁੱਖ ਦਫਤਰ ਨੂੰ ਤੁਰੰਤ ਦੱਸਿਆ ਜਾਵੇ। ਸਕੂਲਾਂ ਵਲੋਂ ਫੀਸਾ ਅਤੇ ਮੈਨਟੀਨੈਂਸ ਅਲਾਊਸ ਜਰੂਰੀ ਭਰਿਆ ਜਾਵੇ ਅਤੇ ਇਸ ਸਬੰਧੀ ਜਿਲ੍ਹਾਂ ਸਿੱਖਿਆ ਅਫਸਰ(ਸੈਸਿ)ਨੂੰ ਦੱਸਿਆ ਜਾਵੇ ਅਤੇ ਜਿ.ਸਿ. ਅ(ਸੈਸਿ) ਅੱਗੇ ਮੁੱਖ ਦਫਤਰ ਨੂੰ ਮਿਤੀ 9-7-14 ਤੱਕ ਸੂਚਨਾ ਭੇਜੇ ਜੇਕਰ ਮਿੱਥੀ ਮਿਤੀ ਤੋਂ ਬਾਅਦ ਸੂਚਨਾ ਭੇਜੇਗਾ ਤਾਂ ਉਸ ਨੂੰ ਅਪਡੇਟ ਨਹੀ ਕੀਤਾ ਜਾਵੇਗਾ।

ਸ: ਪ੍ਰਾਇਵੇਟ ਸਕੂਲਾ ਲਈ ਜਿਲਾ ਸਿੱਖਿਆ ਅਫਸਰ ਨੂੰ ਹਦਾਇਤਾ:-

1. ਜੋ ਪ੍ਰਾਈਵੇਟ ਸਕੂਲ ਪੋਰਟਲ ਵਿੱਚ ਰਜਿਸਟਰਡ ਹਨ ਉਹਨਾ ਦੀ ਐਫੀਲੀਏਸਨ 11ਵੀ ਅਤੇ 12ਵੀ ਦੀਆ ਕਲਾਸਾ ਲਈ ਜਿਲ੍ਹਾ ਸਿੱਖਿਆ ਅਫਸਰ(ਸੈਸਿ)ਦੇ ਪੱਧਰ ਤੇ ਚੈਕ ਕੀਤੀ ਜਾਵੇ। ਐਫੀਲੇਸਨ ਚੈਕ ਕਰਨ ਉਪਰੰਤ ਭੇਜੀ ਗਈਆ ਐਪਲੀਕੇਸਨਾ ਦੀ ਅਸਲ ਹਾਜਰੀ ਚੈਕ ਕਰਨੀ ਯਕੀਨੀ ਬਣਾਈ ਜਾਵੇ।

2. ਜੇਕਰ ਕੋਈ ਪ੍ਰਾਈਵੇਟ ਸਕੂਲ ਸਹਿਯੋਗ ਨਹੀ ਕਰਦਾ ਤਾਂ ਜਿਲ੍ਹਾਂ ਸਿੱਖਿਆ ਅਫਸਰ(ਸੈਸਿ)ਇਸ ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ)ਜੀ ਨੂੰ ਲਿਖਤੀ ਰੂਪ ਵਿੱਚ ਸੂਚਿਤ ਕੀਤਾ ਜਾਵੇ।

3. ਪ੍ਰਾਈਵੇਟ ਸਕੂਲਾਂ ਦਾ ਜਿਲ੍ਹਾ ਸਿੱਖਿਆ ਅਫਸਰ(ਸੈਸਿ)ਨਾਲ ਸਹੀ ਸਮੇ ਤੇ ਤਾਲਮੇਲ ਨਾਂ ਹੋਣ ਕਾਰਨ ਵੈਬ ਸਾਈਟ ਵਿੱਚ 13-14 ਦੀ ਪੈਡਿੰਗ ਐਪਲੀਕੇਸਨਾ ਹੁਣ ਤੱਕ ਪੈਡਿੰਗ ਹਨ ਜਿਸ ਕਾਰਨ ਸੂਚਨਾਂ ਮਿਥੇ ਸਮੇ ਅਨੁਸਾਰ ਮੁਕੰਮਲ ਨਾਂ ਹੋਣਾ ਜਿਲ੍ਹੀਆ ਦੀ ਅਣਗਹਿਲੀ ਦਾ ਕਾਰਨ ਹੈ।

ਉਪਰੋਕਤ ਨੁਕਤਿਆ ਤੇ ਹਦਾਇਤਾਂ ਅਨੁਸਾਰ ਕਾਰਵਾਈ ਕਰਨ ਲਈ ਆਪ ਨੂੰ ਪਾਬੰਦ ਕੀਤਾ ਜਾਂਦਾ ਹੈ ਅਤੇ ਆਪ ਆਪਣੇ ਅਧੀਨ ਆਉਦੇ ਸਕੂਲ ਮੁੱਖੀਆ ਨੂੰ ਤੇ ਆਪਣੇ ਪੱਧਰ ਤੇ ਕਰਮਚਾਰੀਆ ਨੂੰ ਤੁਰੰਤ ਪਾਬੰਦ ਕਰਨਾਂ/ਹਦਾਇਤਾਂ ਦੀ ਇੰਨ ਬਿੰਨ ਪਾਲਣਾ ਨੂੰ ਯਕੀਨੀ ਬਣਾਈਆ ਜਾਵੇ।

4/7/14

ਵਿਸੇਸ ਕਾਰਜ ਅਫਸਰ(ਵਜੀਫਾ)

ਪਿੱਠ ਅੰਕਣ ਨੰਬਰ:ਉਕਤ:-

ਮਿਤੀ:-ਉਕਤ:-

ਉਪਰੋਕਤ ਦਾ ਉਤਾਰਾ ਡਾਇਰੈਕਟਰ ਭਲਾਈ ਵਿਭਾਗ,ਪੰਜਾਬ,ਐਸ.ਸੀ.ਓ.ਨੰ:128-129 ਸੈਕਟਰ-34 ਏ,ਚੰਡੀਗੜ੍ਹ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ ਜੀ।

ਵਿਸੇਸ ਕਾਰਜ ਅਫਸਰ(ਵਜੀਫਾ)